# ਧੂੰਆਂ ਧੂੰਆਂ ਹੋਈ ਕਿਸਾਨੀ



ਜ਼ਿੰਦਗੀ ਦੀ ਦੌੜ ਵਿਚ ਹਰ ਮਨੁੱਖ ਤਰੱਕੀ ਚਾਹੁੰਦਾ ਹੈ। ਉਸ ਨੂੰ ਖਾਹਿਸ਼ ਹੁੰਦੀ ਹੈ ਕਿ ਉਸਦਾ ਟੱਬਰ-ਟੀਰ ਖੁਸ਼ ਰਵੇ, ਉਸਦੀਆਂ ਆਰਥਿਕ ਲੋੜਾਂ ਪੂਰੀਆਂ ਹੋਣ, ਆਦਿ ਆਦਿ। ਇਸੇ ਲਈ ਮਨੁੱਖ ਕਈ ਤਰਾਂ ਦੇ ਕਿੱਤੇ ਕਰਦਾ ਹੈ। ਸਮਾਂ, ਸਥਾਨ ਤੇ ਸਾਧਨਾਂ ਅਨੁਸਾਰ ਹਰ ਵਿਅਕਤੀ ਫੈਸਲਾ ਲੈਂਦਾ ਹੈ ਕਿ ਉਸ ਨੇ ਜੀਵਨ ਵਿਚ ਕੀ ਕਰਨਾ ਹੈ। ਆਦਿ ਕਾਲ ਤੋਂ ਮਨੁੱਖ ਦਾ ਪ੍ਰਥਮ ਕਿੱਤਾ ਖੇਤੀਬਾੜੀ ਹੀ ਰਿਹਾ ਹੈ ਜਾਂ ਇਉਂ ਕਹਿ ਲਵੋ ਕਿ ਕਿੱਦਿਆਂ ਦੀ ਸ਼ੁਰੂਆਤ ਹੀ ਖੇਤੀ ਦੇ ਕਿੱਤੇ ਤੋਂ ਹੁੰਦੀ ਹੈ। ਫਸਲਾਂ ਦਾ ਉਗਾਉਣਾ ਤੇ ਫੇਰ ਹੋਰ ਲੋੜਾਂ ਲਈ ਅਨਾਜ ਨੂੰ ਵਟਾਉਣਾ ਹੀ ਇਸੇ ਕਿੱਤੇ ਦੀ ਸ਼ੁਰੂਆਤ ਮੰਨੀ ਜਾ ਸਕਦੀ ਹੈ। ਪਰ ਸਮਾਂ ਪਾ ਕੇ ਹੋਰ ਸਾਰੇ ਕੰਮ ਕਿੱਤੇ ਜਾਂ ਸਨਅਤਾਂ ਬਣ ਗਏ ਪਰ 'ਉੱਤਮ ਖੇਤੀ' ਨਖਿਧ ਹੋ ਗਈ। ਖੇਤੀ ਨੂੰ ਸਮੇਂ ਦੇ ਹਾਕਮਾਂ, ਜ਼ਰੂਰੀ ਕਰਾਰ ਦੇਕੇ ਇਸਨੂੰ ਇਕ ਸਨਅਤ ਵਾਂਗ ਵਿਕਸਿਤ ਹੋਣ ਤੋਂ ਰੋਕ ਦਿੱਤਾ। ਅੱਜ ਹਰ ਸਨਅਤ ਆਪਣੇ ਉਤਪਾਦ ਦਾ ਮੁੱਲ ਆਪ ਰੱਖਦੀ ਹੈ, ਪਰ ਇਹ ਖੇਤੀ ਹੀ ਹੈ ਜਿੱਥੇ ਕਿਸਾਨ ਨੂੰ ਇਹ ਹੱਕ ਨਹੀਂ ਹੈ। ਸਗੋਂ ਕਿਸਾਨ ਦੀ ਵਰਤੋਂ ਵਾਲੇ ਬੀਜ਼ਾਂ ਜਾਂ ਖਾਦਾਂ ਵਾਲਿਆਂ ਆਦਿ ਨੂੰ ਵੇਚ ਕੀਮਤ ਮਿੱਥਣ ਦੀ ਵੀ ਖੁਲੀ ਛੁੱਟੀ ਹੈ। ਇਹ ਸਭ ਸਡੇ ਕਿਸਾਨ ਦੀ ਫਰਾਖ਼ ਦਿਲੀ, ਮਿੱਟੀ 'ਚੋਂ ਨਾ ਉਭਰਨਾ ਅਤੇ ਦੂਸਰੇ ਤੇ ਯਕੀਨ ਕਰਨ ਦੀਆਂ ਆਦਤਾਂ ਕਾਰਨ ਹੀ ਸੰਭਵ ਹੋ ਸਕਿਆ। ਇੱਥੋਂ ਤੱਕ ਕਿ ਕਿਸਾਨ ਆਪਣੇ ਫੈਸਲੇ ਵੀ ਆਪ ਨਹੀਂ ਲੈਂਦਾ। ਸਮੂਹਿਕ ਫੈਸਲਾ ਲੈਣ ਤੋਂ ਪਹਿਲਾਂ ਤਾਂ ਡਾਂਗਾਂ ਚਲ ਜਾਂਦੀਆਂ ਹਨ। ਇਹੋ ਜਿਹੀ ਕੁਦਰਤੀ ਬਿਰਤੀ ਵਾਲੀ ਸ਼੍ਰੇਣੀ ਨੂੰ ਜੇਕਰ ਚਲਾਕ ਲੋਕ ਵਰਤ ਲੈਂਦੇ ਹਨ ਤਾਂ ਇਹ ਕੋਈ ਅਣਹੋਣੀ ਨਹੀਂ ਇਹ ਲੋਕ ਕਿਸਾਨ ਦੀ ਇਸ ਕਮਜ਼ੋਰੀ ਦਾ ਪੂਰਾ ਫਾਇਦਾ ਲੈਂਦੇ ਹਨ। ਮਿਸਾਲ ਦੇ ਤੌਰ ਤੇ ਆੜਤੀਏ ਕਿਸਾਨ ਨੂੰ ਦਿੱਤੇ ਪੈਸੇ ਦਾ ਤਾਂ ਦਿਨ ਦਿਨ ਦਾ ਵਿਆਜ ਲੈਂਦੇ ਹਨ, ਪਰ ਉਸਦੀ ਕਮਾਈ ਦੇ ਰੱਖੇ ਪੈਸੇ ਦਾ ਆਨਾ ਵਿਆਜ ਤਾਂ ਕੀ ਦੇਣਾ ਸਗੋਂ ਨਕਦ ਦੀ ਥਾਂ ਹੋਰ ਮਾਲ ( ਜਿਵੇਂ ਦਵਾਈਆਂ, ਬੀਜ, ਖਾਦਾਂ) ਵੇਚ ਕਿ ਮੁਨਾਫੇ ਦੇ ਨਾਲ ਨਾਲ ਕਾਟ ਵੀ ਲਾਉਂਦੇ ਹਨ। ਬਹੁਤ ਸਾਰੀਆਂ ਇਹੋ ਜਿਹੀਆਂ ਸੰਸਥਾਵਾਂ ਹੀ ਹਨ ਜੋ ਕਿਸਾਨੀ ਨੂੰ ਫੂਕ ਛਕਾ ਕਿ ਜਾਂ ਇਲਜਾਮ ਲਾਕੇ ਆਪਣਾ ਉੱਲੂ ਸਿੱਧਾ ਕਰਦੀਆਂ ਹਨ। ਜਿਵੇਂ ਪਿੱਛੇ ਜਿਹੇ ਇਕ ਅਰਧ ਧਾਰਮਿਕ ਸੰਸਥਾ ਨੇ ਇਹ ਫਤਵਾ ਜਾਰੀ ਕਰ ਦਿੱਤਾ ਕਿ ਪੰਜਾਬ ਦੇ ਪਿੰਡਾਂ ਦੇ 90 ਪ੍ਰਤੀਸ਼ਤ ਨੌਜੁਆਨ ਨਸ਼ੇ ਕਰਦੇ ਹਨ। ਉਨਾਂ ਨੇ ਨਾਅਰੇ ਲਿਖ ਲਿਖ ਹਜ਼ਾਰਾਂ ਕੰਧਾਂ ਖਰਾਬ ਕਰ ਦਿੱਤੀਆਂ। ਪੰਜਾਬ ਦੀ ਨੌਜੁਆਨੀ ਨੂੰ ਬਦਨਾਮ ਕਰਨ ਦੀ ਇਸ ਸਾਜਿਸ਼ ਦਾ ਭਾਂਡਾ ਉਦੋਂ ਟੁੱਟਿਆ ਜਦ ਇਸ ਸੰਸਥਾ ਨੇ ਯੂ.ਐਨ.ਓ. ਤੋਂ ਮੋਟੇ ਫੰਡ ਲੈ ਲਏ ਤੇ ਫੇਰ ਚੁੱਪ ਸਾਧ ਲਈ। ਉਹਨਾਂ ਦਾ ਨੌਜੁਆਨ ਲਈ ਇਹ ਹੇਜ਼ ਪਿਆਜ਼ ਕਿੱਥੇ ਗਿਆ? ਕੀ 90 ਪ੍ਰਤੀਸ਼ਤ ਘਟ ਕਿ ਜ਼ੀਰੋ ਪ੍ਰਤੀਸ਼ਤ ਹੋ ਗਈ ਹੈ? ਇਹ ਸੁਆਲ, ਜਵਾਬ ਮੰਗਦੇ ਹਨ ਪਰ ਕੋਈ ਨਹੀਂ ਦੇਵੇਗਾ ਜੁਆਬ। ਕੁਝ ਇਸੇ ਤਰਾਂ ਦਾ ਮਸਲਾ ਕਿਸਾਨੀ ਖੁਦਕਸ਼ੀਆਂ ਹੈ। ਕਿਸਾਨਾ ਦੀ ਕੌਮ ਇਕ ਐਸੀ ਕੌਮ ਹੈ ਜੋ ਕੰਮ ਜਾਂ ਕਰਜ਼ੇ ਕਰਕੇ ਕਦੇ ਖੁਦਕਸ਼ੀ ਨਹੀਂ ਕਰਦੀ। ਉਸਦੇ ਕਾਰਨ ਹੋਰ ਹੋ ਸਕਦੇ ਹਨ। ਜਿਵੇਂ ਜਮਾਂਦਰੂ ਮਾਨਸਿਕਤਾ ਜਾਂ ਪਰਿਵਾਰਿਕ ਝਗੜੇ ਆਦਿ। ਦੇਸ਼ ਦੀਆਂ ਕਈ ਸੰਸਥਾਵਾਂ ਅਤੇ ਰਾਜਨੀਤਕਾਂ ਨੇ ਆਪਣੇ ਆਪਣੇ ਲਾਭ ਦੀ ਖਾਤਰ ਪੰਜਾਬ ਦੇ ਕਿਸਾਨਾਂ ਨੂੰ ਮਾਨਸਿਕ ਕਮਜ਼ੋਰ ਗਰਦਾਨਣ ਵਿਚ ਕੋਈ ਕਸਰ ਨਹੀਂ ਛੱਡੀ। ਨਾ ਹੀ ਕੋਈ ਸਹੀ ਸਰਵੇ ਹੋਇਆ ਹੈ। ਬਸ ਇੱਕੋ ਸਰਵੇ ਹੋਇਆ ਦਸਦੇ ਹਨ, ਜਿਸਦੀ ਅੱਜ ਤੱਕ ਕੋਈ ਸਰਕਾਰੀ ਜਾਂ ਗੈਰ ਸਰਕਾਰੀ ਰਿਪੋਰਟ ਨਹੀਂ ਆਈ। ਫੇਰ ਇਹ ਸਭ ਰੌਲਾ ਕਿਸਾਨੀ ਨੂੰ ਬਦਨਾਮ ਕਰਨ ਤੱਕ ਹੀ ਸੀਮਤ ਨਹੀਂ ਤਾਂ ਕੀ ਸੀ? ਪਿਛਲੇ 60-62 ਸਾਲ ਵਿਚ ਕਿਸੇ ਸਰਕਾਰ ਨੇ ਕਿਸਾਨਾਂ ਦੀ ਚੱਜ ਨਾਲ ਬਾਂਹ ਨਹੀਂ ਫੜੀ, ਹਮੇਸ਼ਾ ਕਿਸਾਨਾਂ ਨੂੰ ਮਿੱਠੀਆਂ ਗੋਲੀਆਂ ਹੀ ਦੇਂਦੀਆਂ ਰਹੀਆਂ ਹਨ ਸਾਡੀਆਂ ਸਰਕਾਰਾਂ, ਕਦੇ ਬਿਜਲੀ (ਜੋ ਆਉਂਦੀ ਨਹੀਂ) ਮੁਫਤ, ਕਦੇ ਪਾਣੀ ਮੁਫਤ ਆਦਿ। ਖੇਤੀ ਪ੍ਰਬੰਧ ਲਈ ਕੋਈ ਠੋਸ ਪਾਲਸੀ ਤਿਆਰ ਹੀ ਨਹੀਂ ਕੀਤੀ ਗਈ। ਖੁਰਾਕੀ ਲੋੜਾਂ ਦੀ ਕੋਈ ਸਮਾਂ ਸਾਰਣੀ ਹੀ ਨਹੀਂ ਲੱਭਦੀ ਕਿਤੇ। ਫਸਲਾਂ ਦੀ ਕਾਸ਼ਤ ਲਈ ਮਾਸਟਰ ਪਲੈਨ ਹੀ ਨਹੀਂ। ਕਿਹੜੀ ਫਸਲ, ਕਿਸ ਇਲਾਕੇ ਵਿਚ ਅਤੇ ਕਿੰਨੀ ਕਾਸ਼ਤ ਕਰਨੀ ਹੈ, ਕੋਈ ਅੰਦਾਜ਼ਾ ਹੀ ਨਹੀਂ। ਕੋਈ ਅਗਵਾਈ ਹੀ ਨਹੀਂ। ਕਿਸਾਨ ਆਪ ਹੀ ਤੁੱਕੇ ਲਾਕੇ ਫਸਲਾਂ ਬੀਜ਼ੀ ਜਾ ਰਹੇ ਹਨ। ਦੇਖਾ ਦੇਖੀ ਹਰ ਤਰਾਂ ਦਾ ਬੀਜ਼ ਵਰਤੀ ਜਾ ਰਹੇ ਹਨ। ਇਸ ਨਾਲ ਸਾਡਾ ਈਕੋ ਸਿਸਟਮ (ਵਾਤਾਵਰਣ) ਬੁਰੀ ਤਰਾਂ ਫੇਲ ਹੋ ਰਿਹਾ ਹੈ। ਹਰ ਸਨਅਤੀ ਅਦਾਰਾ ਆਪਣਾ ਦਾਅ ਲਗਾ ਰਿਹਾ ਹੈ ਅੰਨਦਾਤਾ ਕਹਿ ਕਿ ਕਿਸਾਨ ਨੂੰ ਲੁੱਟ ਰਿਹਾ ਹੈ। ਤੁਹਾਡਾ ਉਹ ਅੰਨਦਾਤਾ ਤਾਂ ਆਪੇ ਹੋਇਆ ਜਿਸਨੇ ਤੁਹਾਡੇ ਢਿੱਡ ਭਰ ਦਿੱਤੇ ਪਰ ਆਪ ਖਾਲੀ ਹੋ ਗਿਆ। ਮਿੱਟੀ ਦੇ ਇਸ ਪੁੱਤਰ ਨੇ ਆਖਰ ਇਹ ਕਦ ਤੱਕ ਸਹਿਣਾ ਹੈ। ਇਸੇ ਲਈ ਪੰਜਾਬੀਆਂ ਨੇ ਵਿਦੇਸ਼ਾਂ ਵੱਲ ਵਹੀਰਾਂ ਘੱਤੀਆਂ। ਇੱਥੋਂ ਦੇ ਵਿਹਲੜਪੁਣੇ ਦੀ ਜ਼ਲਾਲਤ 'ਚੋਂ ਨਿਕਲ, ਵਿਦੇਸ਼ਾਂ ਵਿਚ ਹੱਥੀਂ ਕੰਮ ਕਰਨ ਲੱਗ ਪਏ। ਅੱਜ ਲੋੜ ਹੈ ਕਿ ਕਿਸਾਨੀ ਨੂੰ ਰਾਹ ਵਿਖਾਲਣ ਦੀ, ਉਸਦੀਆਂ ਲਾਗਤਾਂ ਦੀ ਕੀਮਤ ਨੂੰ ਨਿਅੰਤਰਣ ਕਰਨ ਦੀ। ਜੇਕਰ ਉਸਨੂੰ ਅੰਨਦਾਤਾ ਬਣਾਉਣਾ ਹੈ ਤਾਂ ਠੋਸ ਖੇਤੀ ਪਾਲਸੀਆਂ ਬਨਾਉਣੀਆਂ ਪੈਣਗੀਆਂ ਤਾਂ ਕਿ ਆਉਣ ਵਾਲੇ 50-100 ਸਾਲ ਤੱਕ ਦੇ ਖੇਤੀ ਭਵਿੱਖ ਨੂੰ ਦੇਖਿਆ ਜਾ ਸਕੇ। ਨਹੀਂ ਤਾਂ ਯਾਦ ਰੱਖਿਓ ਜਦੋਂ ਖੇਤੀ ਦਾ ਧੂੰਆਂ ਨਿਕਲਿਆ ਤਾਂ ਅੰਨੇ ਹੋਣੋਂ ਤੁਸੀਂ ਵੀ ਨਹੀਂ ਬਚਣਾ।



-ਜਨਮੇਜਾ ਸਿੰਘ ਜੌਹਲ

## ਦੋਆਬੇ ਦੇ ਗਦਰੀ ਤੇ ਬੱਬਰ

40 ਸਫੇ ਦੀ ਬਾਕੀ

ਹੁਣ ਅਜਿਹੇ ਦਹਿਸ਼ਤ ਭਰੇ ਮਾਹੌਲ ਵਿੱਚ ਵਾਰਦਾਤਾਂ ਲਈ ਜ਼ਿੰਮੇਵਾਰ ਦੋਸ਼ੀਆਂ ਵਿਰੁੱਧ ਗਵਾਹ ਖੜ੍ਹੇ ਕਰਨਾ ਕਿਵੇਂ ਵੀ ਸੰਭਵ ਨਹੀਂ ਸੀ ਜਾਪਦਾ। ਮੁੱਕਦੀ ਗੱਲ ਹਾਲਾਤ ਏਨੇ ਨਾਜ਼ੁਕ ਤੇ ਗੰਭੀਰ ਸਨ ਕਿ ਮੈਨੂੰ 200 ਫ਼ੌਜੀ ਘੋੜ ਸਵਾਰਾਂ ਤੇ 250 ਪਿਆਦਾ ਫ਼ੌਜੀਆਂ ਦੀ ਕੁਝ ਦਿਨਾਂ ਅੰਦਰ ਹੀ ਮੰਗ ਕਰਨੀ ਪਈ।

**2. ਬੱਬਰ ਸ਼ਹੀਦ ਦਾ ਪਹਿਲਾ ਬੱਬਰ ਕੇਸ**-1. ਜੱਥੇਦਾਰ ਕਿਸ਼ਨ ਸਿੰਘ ਗੜ੍ਹਗੱਜ (ਬੜਿੰਗ-ਜਲੰਧਰ), 2. ਕਰਮ ਸਿੰਘ (ਮਾਣਕੋ-ਜਲੰਧਰ), 3. ਨੰਦ ਸਿੰਘ (ਘੁੜਿਆਲ-ਹੁਸ਼ਿਆਰਪੁਰ), 4. ਬਾਬੂ ਸੰਤਾ ਸਿੰਘ (ਛੋਟੀ ਹਰਿਓਂ-ਲੁਧਿਆਣਾ), 5. ਦਲੀਪ ਸਿੰਘ (ਧਾਮੀਆਂ-ਹੁਸ਼ਿਆਰਪੁਰ), 6. ਧਰਮ ਸਿੰਘ (ਹਯਾਤਪੁਰ-ਹੁਸ਼ਿਆਰਪੁਰ)।

**ਦੂਜਾ ਕੇਸ**-1. ਨਿੱਕਾ ਸਿੰਘ (ਅਲੋਵਾਲ-ਅੰਮ੍ਰਿਤਸਰ), 2. ਨਿੱਕਾ ਸਿੰਘ (ਗਿੱਲ-ਲਾਇਲਪੁਰ), 3. ਮੁਕੰਦ ਸਿੰਘ (ਸਵੱਦੀ-ਜੱਸੋਵਾਲ-ਲੁਧਿਆਣਾ), 4. ਗੁਜਰ ਸਿੰਘ (ਢਪਈ-ਲਾਇਲਪੁਰ), 5. ਬੰਤਾ ਸਿੰਘ (ਗੁਰੂਸਰ-ਲਾਇਲਪੁਰ), 6. ਸੁੰਦਰ ਸਿੰਘ (ਲਹੁਕੇ-ਲਾਇਲਪੁਰ)

**1.9.1923 ਬਬੇਲੀ ਸਾਕੇ ਦੇ ਸ਼ਹੀਦ**-1. ਕਰਮ ਸਿੰਘ (ਐਡੀਟਰ) (ਦੌਲਤਪੁਰ-ਜਲੰਧਰ), 2. ਉਦੈ ਸਿੰਘ (ਰਾਮਗੜ੍ਹ ਝਗੀਆਂ-ਹੁਸ਼ਿਆਰਪੁਰ), 3. ਮਹਿੰਦਰ ਸਿੰਘ (ਪੰਡੋਰੀ-ਗੰਗਾ ਸਿੰਘ), 4. ਬਿਸ਼ਨ ਸਿੰਘ (ਮਾਂਗਟ-ਜਲੰਧਰ)।

**ਸਾਕਾ ਪਿੰਡ ਮੰਡੇਰ 12.12.1923**

1. ਬੰਤਾ ਸਿੰਘ (ਧਾਮੀਆਂ ਕਲਾਂ-ਹੁਸ਼ਿਆਰਪੁਰ), 2. ਜਵਾਲਾ ਸਿੰਘ (ਫਤਿਹਪੁਰ ਕੋਠੀ-ਹੁਸ਼ਿਆਰਪੁਰ)

ਹੋਰ-1. ਵਰਿਆਮ ਸਿੰਘ (ਧੁੱਗਾ-ਹੁਸ਼ਿਆਰਪੁਰ), 2. ਰਤਨ ਸਿੰਘ (ਰੱਕੜ-ਹੁਸ਼ਿਆਰਪੁਰ-15.7.1932) ਨੂੰ ਸ਼ਹੀਦ ਹੋਏ, 3. ਗਿਆਨੀ ਗੁਰਦਿੱਤ ਸਿੰਘ (ਮੰਢਾਲੀ-ਜਲੰਧਰ) 10.8.1938 ਜਲੰਧਰ ਜੇਲ੍ਹ ਵਿੱਚ ਫਾਂਸੀ, 4. ਕਰਤਾਰ ਸਿੰਘ ਕਿਰਤੀ (ਚੱਕ ਬਾਗੜੀਆ), 5. ਬਚਿੱਤ ਸਿੰਘ (ਢੰਡਾਲੀ-ਕਪੂਰਥਲਾ)

### ਕੁਝ ਸਾਕੇ

1. ਸਾਕਾ ਬਬੇਲੀ 1.9.1923

ਅਨੂਪ ਸਿੰਘ ਗ਼ਦਾਰ ਨੇ ਪੁਲੀਸ-ਫ਼ੌਜ ਨੂੰ ਇਤਲਾਹ ਦੇ ਕੇ ਬੱਬਰਾਂ ਦੇ ਜੱਥੇ 'ਤੇ ਛਾਪਾ ਮਰਵਾ ਦਿੱਤਾ। ਪਿੰਡ ਦੀ ਘੇਰਾਬੰਦੀ ਉਪਰੰਤ ਗੋਲੀਬਾਰੀ ਸ਼ੁਰੂ ਹੋ ਗਈ। ਘੇਰਾ ਤੋੜ ਕੇ ਜਾ ਰਹੇ ਬੱਬਰਾਂ ਤੇ ਫ਼ੌਜ-ਪੁਲੀਸ ਨਾਲ ਸਿੱਧੀ ਟੱਕਰ ਹੋਈ-ਬੱਬਰਾਂ ਨੂੰ ਹਥਿਆਰ ਸੁੱਟਣ ਲਈ ਕਿਹਾ, ਪਰ ਉਨ੍ਹਾਂ ਨੇ ਮੁਕਾਬਲੇ ਲਈ ਵੰਗਾਰਿਆ-ਇਨ੍ਹਾਂ ਨੂੰ ਗੁਰਦੁਆਰਾ ਚੌਂਤਾ ਸਾਹਿਬ ਨੇੜੇ ਨਦੀ ਪਾਰ ਕਰਦਿਆਂ ਸ਼ਹੀਦ ਕਰ ਦਿੱਤਾ ਗਿਆ।

2. ਸਾਕਾ ਮੰਨਣਹਾਣਾ-25 ਦਸੰਬਰ 1923 ਧੰਨਾ ਸਿੰਘ ਬਹਿਬਲਪੁਰ ਦੀ ਅਦੁੱਤੀ ਸ਼ਹੀਦੀ ਇੱਕ ਗ਼ਦਾਰ ਨੇ ਧੰਨਾ ਸਿੰਘ ਦੇ ਹਥਿਆਰ ਲੁਕਾ ਕੇ ਤੇ ਪੁਲੀਸ ਬੁਲਾ ਕੇ ਸੁੱਤੇ ਪਏ ਨੂੰ ਗ੍ਰਿਫ਼ਤਾਰ ਕਰਾ ਦਿੱਤਾ-ਉਹਨੂੰ ਪੂਰੀ ਤਰ੍ਹਾਂ ਨਾਲ ਨੂੜਿਆ ਹੋਇਆ ਸੀ, ਤੇ ਉਸ ਨੂੰ ਪੁਲੀਸ ਕਪਤਾਨ ਨੇ ਮਿਹਣਾ ਮਾਰਿਆ ਕਿ ਤੁਮ ਤੋ ਕਹਿਤੇ ਥੇ ਕਿ ਮੈਂ ਜਿੰਦਾ ਪਕੜਾ ਨਹੀਂ ਜਾਊਂਗਾ-ਅਥ ਸੁਨਾਓ॥" ਧੰਨਾ ਸਿੰਘ ਨੇ ਇੱਕ ਹੰਭਲੇ ਬਾਹਾਂ ਆਜ਼ਾਦ ਕਰਵਾ ਕੇ ਕੂਹਣੀ ਨਾਲ ਡੱਬ ਵਿੱਚ ਰੱਖੇ ਬੰਬ ਨੂੰ ਚਲਾ ਦਿੱਤਾ, ਜਿਸ ਨਾਲ ਇੱਕ ਹਵਾਲਦਾਰ ਇੱਕ ਫ਼ੌਜੀ ਸਿਪਾਹੀ ਇੱਕ ਫ਼ੌਜੀ ਦਫੇਦਾਰ ਤੇ ਤਿੰਨ ਪੁਲੀਸ ਦੇ ਸਿਪਾਹੀ ਮੌਕੇ 'ਤੇ ਹੀ ਹਲਾਕ ਹੋ ਗਏ ਤੇ ਪੁਲੀਸ ਕਪਤਾਨ ਹੋਰਟਨ, ਉਪ ਕਪਤਾਨ ਜੈਨਕਨਜ਼ ਅਤੇ ਇੱਕ ਹੋਰ ਸਿਪਾਹੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ-ਜੈਨਕਨਜ਼ ਨੂੰ ਛੱਡ ਕੇ ਬਾਕੀ ਦੋਵੇਂ ਪਿੱਛੋਂ ਜਾ ਕੇ ਚੱਲ ਵਸੇ।

**ਬਾਬਾ ਸੰਤਾ ਸਿੰਘ ਦਾ ਅਦਾਲਤੀ ਬਿਆਨ**- ਸ਼ਹੀਦ (ਬਾਬੂ) ਸੰਤਾ ਸਿੰਘ ਨੇ ਸੈਸ਼ਨ ਅਦਾਲਤ ਵਿੱਚ ਕਾਫੀ ਵਿਸਥਾਰਪੂਰਵਕ ਲਿਖਤੀ ਬਿਆਨ (ਉਰਦੂ ਜ਼ਬਾਨ ਵਿੱਚ) ਪੇਸ਼ ਕੀਤਾ-ਜੋ ਇੱਕ ਵੇਲੇ ਇਕਬਾਲੀਆ ਵੀ ਸੀ ਤੇ ਸਰਕਾਰ ਨੂੰ ਚੁਣੌਤੀ ਦੇਣ ਵਾਲਾ ਵੀ ਸੀ। ਇਸ ਬਿਆਨ ਨੂੰ ਇਤਿਹਾਸ ਵਿੱਚ ਉਹ ਪ੍ਰਮੁੱਖਤਾ ਨਹੀਂ ਮਿਲੀ, ਜਿਹੜੀ ਕਿ ਦੂਜੇ ਸ਼ਹੀਦਾਂ ਜਿਵੇਂ ਸ਼ਹੀਦ ਮਦਨ ਲਾਲ ਢੀਂਗਰਾ, ਸ਼ਹੀਦ ਭਗਤ ਸਿੰਘ ਤੇ ਦੱਤ ਤੇ ਸ਼ਹੀਦ ਊਧਮ ਸਿੰਘ ਦੇ ਅਜਿਹੇ ਬਿਆਨਾਂ ਨੂੰ ਮਿਲੀ ਹੈ-ਇਹ ਬਿਆਨ ਦਾ ਲਿਪੀਅੰਤਰ ਕਰਕੇ ਮੂਲ ਰੂਪ ਵਿੱਚ ਦਾਬ 'ਤੇ ਚਿਰੰਜੀ ਲਾਲ ਵੱਲੋਂ ਬੱਬਰ ਲਹਿਰ ਦੀਆਂ ਕੁਝ ਹੋਰ ਅਣਗੌਲੀਆਂ ਸਮਕਾਲੀ ਦਸਤਾਵੇਜ਼ਾਂ ਸਹਿਤ, ਯੂਨੀਸਟਾਰ, ਚੰਡੀਗੜ੍ਹ ਦੁਆਰਾ ਪਿੱਛੇ ਜਿਹੇ ਪ੍ਰਕਾਸ਼ਿਤ ਕੀਤਾ ਗਿਆ ਹੈ।

# ਡਾਇਨਾ ਦੇ ਪਰਿਵਾਰ ਦਾ ਸਾਮਾਨ ਤਿੰਨ ਕਰੋੜ ਡਾਲਰ ਵਿਚ ਨੀਲਾਮ



ਲੰਦਨ-ਰਾਜਕੁਮਾਰੀ ਡਾਇਨਾ ਦੇ ਪਰਿਵਾਰ ਦੀਆਂ ਪੁਰਾਣੀਆਂ ਚੀਜ਼ਾਂ ਅਤੇ ਹੋਰ ਕੀਮਤੀ ਸਾਮਾਨ ਨੂੰ ਤਿੰਨ ਕਰੋੜ 20 ਲੱਖ ਅਮਰੀਕੀ ਡਾਲਰ ਵਿਚ ਵੇਚ ਦਿਤਾ ਗਿਆ। ਡਾਇਨਾ ਦੇ ਪਰਿਵਾਰ ਕੋਲ ਕਈ ਤਰ੍ਹਾਂ ਦਾ ਕੀਮਤੀ ਸਾਮਾਨ ਸੀ, ਜਿਸ ਵਿਚ ਪੀਟਰ ਪਾਲ ਰੁਬੇਨ ਦੀ ਪੇਂਟਿੰਗਜ਼, ਘੋੜਾਗਡੀਆਂ, ਵੱਖ-ਵੱਖ ਤਰ੍ਹਾਂ ਦੀਆਂ ਕੀਮਤੀ ਪਲੇਟਾਂ ਅਤੇ ਜਗ ਸ਼ਾਮਲ ਹਨ ਇਹ ਸਾਰਾ ਸਾਮਾਨ ਤਿੰਨ ਦਿਨ ਤੱਕ ਚੱਲੀ ਨੀਲਾਮੀ ਵਿਚ ਵਿਕ ਗਿਆ। ਸਭ ਤੋਂ ਵੱਧ ਕੀਮਤ ਵਿਚ ਵਿਕਣ ਵਾਲਾ ਸਾਮਾਨ ਰੁਬੇਨ ਦੀ ਪੇਂਟਿੰਗ 'ਕਮਾਂਡਰ ਬੀਂਗ ਆਰਮਡ ਫ਼ਾਰ ਬੈਟਲ' ਰਹੀ, ਜਿਸ ਦੀ ਕੀਮਤ ਇਕ ਕਰੋੜ 40 ਲੱਖ ਡਾਲਰ ਲਗਾਈ ਗਈ। ਇਹ ਪੇਂਟਿੰਗ ਸਪੇਂਸਰ ਪਰਿਵਾਰ ਕੋਲ 1802 ਤੋਂ ਸੀ। ਵਿਕਣ ਵਾਲੇ ਸਾਮਾਨ ਵਿਚ ਇਤਿਹਾਸਕ ਸ਼ਾਹੀ ਘੋੜਾਗਡੀ ਵੀ ਸ਼ਾਮਲ ਸੀ ਜੋ 1902 ਵਿਚ ਕਿੰਗ ਐਡਵਰਡ ਸੱਤਵੇਂ ਦੇ ਰਾਜਤਿਲਕ ਦੇ ਸਮੇਂ ਵਰਤੀ ਗਈ ਸੀ। ਇਹ ਸਾਮਾਨ ਸਪੇਂਸਰ ਪਰਿਵਾਰ ਦੇ ਨਾਰਥਹੇਂਪਟਨਸ਼ਾਇਰ ਸਥਿਤ ਅਸਟੇਟ ਅਲਥੋਰਪ ਹਾਊਸ ਅਤੇ ਲੰਦਨ ਸਥਿਤ ਇਤਿਹਾਸਕ ਸਪੇਂਸਰ ਹਾਊਸ ਵਿਚ ਰਖਿਆ ਹੋਇਆ ਸੀ। ਹਾਲਾਂਕਿ ਇਨ੍ਹਾਂ ਦੋਹਾਂ ਥਾਵਾਂ ਦੀ ਵਸੀਅਤ ਡਾਇਨਾ ਦੇ ਨਾਂ ਨਹੀਂ ਸੀ, ਪਰ ਕਾਫ਼ੀ ਲੰਮੇ ਸਮੇਂ ਤੋਂ ਉਸ ਕੋਲ ਇਹ ਘਰ ਅਤੇ ਸਾਮਾਨ ਸੀ। 1997 ਵਿਚ ਪੇਰਿਸ ਕਾਰ ਹਾਦਸੇ ਵਿਚ ਮੌਤ ਤੋਂ ਬਾਅਦ ਡਾਇਨਾ ਨੂੰ ਇਸੇ ਥਾਂ 'ਤੇ ਦਫ਼ਨਾਇਆ ਗਿਆ ਸੀ।